# ਭਰਮ
## ਭਾਗ-6

ਨੇਤ੍ਰ ਹੀਣ 'ਅੰਧੇ' ਅਤੇ ਨੇਤ੍ਰਾਂ ਵਾਲੇ 'ਸੁਜਾਖਿਆ' ਦੇ ਸਮੁੱਚੇ ਸਰੀਰਕ ਅਤੇ ਮਾਨਸਿਕ ਜੀਵਨ ਵਿਚ, ਬੇਅੰਤ 'ਅੰਤਰ' ਹੈ।

'ਅੰਧੇ' ਭਾਵੇਂ ਆਪਣੇ ਹੋਰਨਾ ਗਿਆਨ ਇੰਦਰੀਆਂ ਦੇ ਆਸਰੇ ਇਸ ਜਗਤ ਨੂੰ—

ਸਮਝਣ
ਬੁਝਣ
ਜਾਂਚਣ
ਜਾਨਣ
ਅੰਦਾਜ਼ਾ ਲਾਉਣ
ਨਿਸਚਾ ਕਰਨ
ਵਿਉਂਤ ਕਰਨ
ਫੈਸਲਾ ਕਰਨ
ਜੀਵਨ-ਸੇਧ ਬਨਾਉਣ
ਕਰਮ-ਕ੍ਰਿਆ ਕਰਨ

ਦੀ ਕੋਸ਼ਿਸ਼ ਕਰਦੇ ਹਨ, ਪਰ ਫੇਰ ਭੀ ਓਹਨਾਂ ਦੇ ਸਰੀਰਕ, ਮਾਨਸਿਕ ਅਤੇ ਧਾਰਮਿਕ ਮੰਡਲ ਦਾ ਗਿਆਨ ਓਪਰਾ ਜਿਹਾ, ਅਧੂਰਾ, ਟੋਹ ਮਾਤਰ, ਕਿਆਸ ਮਾਤਰ, ਗਲਤ, ਤੇ ਭਰਮ-ਮਈ ਹੀ ਹੈ, ਜਿਸ ਦੇ ਆਧਾਰ ਤੇ ਉਹਨਾਂ ਦਾ ਸਾਰਾ ਜੀਵਨ ਬਤੀਤ ਹੁੰਦਾ ਹੈ।

ਜੇਕਰ ਐਸੇ ਅੰਧੇ ਨੂੰ ਕਿਤੇ 'ਨੇਤ੍ਰ-ਜੋਤਿ' ਮਿਲ ਜਾਵੇ ਤਾਂ ਉਹ ਹੈਰਾਨ ਹੋਵੇਗਾ ਕਿ ਉਸ ਦੇ ਕਲਪਤ ਕੀਤੇ ਹੋਏ ਦੁਨਿਆਵੀ ਕਿਆਸ, ਸਮਝ, ਗਿਆਨ, ਨਿਸਚੇ, ਚਣੌਤੀਆਂ, ਅਤੇ ਫ਼ੈਸਲੇ, ਅਸਲੀਅਤ (reality) ਤੋਂ ਬਿਲਕੁਲ ਵਿਲੱਖਣ, ਉਲਟ, ਕੂੜ ਤੇ ਭਰਮ-ਭੁਲਾਵਾ ਹੀ ਸੀ । ਉਹ ਦੁਨੀਆਂ ਨੂੰ ਅਸਲੀ ਸਰੂਪ ਵਿਚ ਵੇਖ-ਵੇਖ ਕੇ ਹੈਰਾਨ ਤੇ ਅਸਚਰਜ ਹੋਵੇਗਾ।

ਇਹ ਦ੍ਰਿਸ਼ਟਹੀਣ 'ਭਰਮ-ਭੁਲਾਵਾ' ਅੰਧਿਆਂ ਦੇ ਹਰ—

ਖਿਆਲ
ਸੋਚਣੀ
ਨਿਸਚਾ

ਸ਼ਰਧਾ

ਭਾਵਨੀ

ਕਰਮ

ਕ੍ਰਿਆ

ਧਰਮ

ਅਥਵਾ ਜੀਵਨ ਦੇ ਹਰ ਪੱਖ ਵਿਚ ਪ੍ਰਵਿਰਤ ਹੁੰਦਾ ਹੈ।

ਅੰਨ੍ਹਿਆਂ ਦਾ 'ਭਰਮ-ਭੁਲਾਵਾ' ਸਰੀਰ ਦੇ ਇਕ ਅੰਗ ਦੀ ਅਣਹੋਂਦ ਤੋਂ ਉਪਜਦਾ ਹੈ।

ਜੀਵ ਦਾ ਮਾਨਸਿਕ 'ਭਰਮ-ਭੁਲਾਵਾ' ਹਉਮੈ ਤੋਂ ਉਪਜਿਆ ਹੈ।

ਨੇਤ੍ਰ ਹੀਣ ਅੰਧੇ ਟਾਂਵੇਂ-ਟਾਂਵੇਂ ਹੀ ਹੁੰਦੇ ਹਨ ।

ਪਰ ਮਾਨਸਿਕ 'ਭਰਮ-ਭੁਲਾਵਾ' ਤਾਂ ਸਾਰੇ ਜਗਤ ਅਥਵਾ ਕਾਇਨਾਤ ਨੂੰ, ਭੂਤ-ਪ੍ਰੇਤ ਵਾਂਗ ਚੰਬੜਿਆ ਹੋਇਆ ਹੈ।

ਅੰਨ੍ਹਿਆਂ ਦਾ 'ਭਰਮ-ਭੁਲਾਵਾ' ਤਾਂ ਓਹਨਾਂ ਦੇ ਇਕ ਜੀਵਨ ਤਾਂਈ ਸੀਮਤ ਹੈ, ਮੌਤ ਤੋਂ ਮਗਰੋਂ ਅਗਲੇ ਜਨਮ ਵਿਚ ਨਾਲ ਨਹੀਂ ਜਾਂਦਾ।

ਪਰ ਮਾਨਸਿਕ 'ਅਗਿਆਨਤਾ' ਤਾਂ ਕਈਆਂ ਜਨਮਾਂ ਤੋਂ ਸਾਡੇ ਨਾਲ ਚੰਬੜੀ ਹੋਈ ਹੈ ਅਤੇ ਮਰਨ ਤੋਂ ਮਗਰੋਂ ਭੀ ਅਗਲੇ ਜਨਮਾਂ ਵਿਚ ਨਾਲ ਹੀ ਚੰਬੜੀ ਰਹੇਗੀ।

ਇਸ ਤਰ੍ਹਾਂ ਅੰਨ੍ਹਿਆਂ ਦੇ ਦੁਖ-ਕਲੇਸ਼ ਤਾਂ ਇਕੋ ਜਨਮ ਵਿਚ ਹੀ ਖਤਮ ਹੋ ਜਾਣਗੇ ।

ਪਰ ਮਾਨਸਿਕ ਅਗਿਆਨਤਾ ਦੇ 'ਭਰਮ-ਭੁਲਾਵੇ' ਤੋਂ ਉਪਜੇ ਦੁਖ-ਕਲੇਸ਼ ਤਾਂ ਸਾਡੇ ਮਰਨ ਤੋਂ ਮਗਰੋਂ ਅਗਲੇ ਜਨਮਾਂ ਵਿਚ ਭੀ ਨਾਲ ਹੀ ਜਾਣਗੇ ਅਤੇ ਜੀਵ ਦੇ 'ਹਾਵਿਆ' ਦਾ ਕੋਈ ਅੰਤ ਨਹੀਂ ਆਵੇਗਾ ।

ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ॥ (ਪੰਨਾ-961)

ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ ਸੁਖਹਿ ਨਾਹੀ ਪਰਵੇਸਾ ਰੇ ॥ (ਪੰ.-403)

ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥
ਹਰਿ ਸਿਮਰਨ ਬਿਨੁ ਨਰਕਿ ਪਾਹਿ ॥ (ਪੰਨਾ-1192)

ਅੰਧੇ ਆਪਣੀ 'ਊਣਤਾਈ' ਵਿਚ ਕਿਸੇ ਸੁਜਾਖੇ ਦੀ ਸਹਾਇਤਾ ਲੈ ਕੇ ਆਪਣੀਆਂ ਔਖਿਆਈਆਂ ਨੂੰ ਕਿਸੇ ਹੱਦ ਤੱਕ ਘੱਟ ਕਰ ਸਕਦੇ ਹਨ ।

ਪਰ ਮਾਨਸਿਕ ਅਗਿਆਨਤਾ ਦੇ 'ਭਰਮ-ਗੜ੍ਹ' ਵਿਚ ਕੋਈ ਕਿਸੇ ਨੂੰ ਸਹਾਇਤਾ

ਨਹੀਂ ਕਰ ਸਕਦਾ, ਕਿਉਂਕਿ ਇਸ ਮਾਨਸਿਕ ਅੰਧ ਗੁਬਾਰ ਦੇ ਅਨ੍ਹੇਰ-ਖਾਤੇ ਵਿਚ ਤਾਂ ਸਾਰੇ ਜੀਵ ਹੀ ਫਸੇ ਹੋਏ ਹਨ।

ਜਦ ਇਸ ਹਨੇਰ ਖਾਤੇ ਦੇ ਭਰਮ-ਗੜ੍ਹ ਅੰਦਰ ਸਾਰੇ ਜੀਵ ਹੀ ਭਰਮ-ਭੁਲਾਵੇ ਵਿਚ ਗਲਤਾਨ ਹਨ, ਤਾਂ ਕੌਣ ਕਿਸੇ ਨੂੰ ਸਹੀ 'ਆਤਮ-ਪ੍ਰਕਾਸ਼' ਦਾ ਰਾਹ ਦਸ ਸਕਦਾ ਹੈ ?

ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ॥ (ਪੰਨਾ-140)

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥ (ਪੰਨਾ-767)

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥ (ਪੰਨਾ-954)

ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ । (ਵਾ:ਭਾ:ਗੁ:35/2)

ਇਸ ਤਰ੍ਹਾਂ ਜੋ 'ਧਰਮ ਪ੍ਰਚਾਰ' ਹੋ ਰਿਹਾ ਹੈ, ਸਭ ਇਸ 'ਭਰਮ-ਭੁਲੇਖੇ' ਦੇ ਦਿਮਾਗੀ ਗਿਆਨ ਦੇ ਫੋਕੇ ਆਧਾਰ ਤੇ ਹੋ ਰਿਹਾ ਹੈ। ਇਹੋ ਵਜ੍ਹਾ ਹੈ ਕਿ ਇਤਨੇ ਪਾਠ , ਪੂਜਾ, ਭਜਨ, ਭਗਤੀ, ਕਰਮ-ਕਾਂਡ, ਇਕੋਤ੍ਰੀਆਂ, ਸਤਸੰਗਿ ਸਮਾਗਮਾਂ, ਕੀਰਤਨ ਅਖਾੜੇ , ਕਥਾ-ਵਿਖਿਆਨ, ਧਾਰਮਿਕ ਲੇਖ, ਧਾਰਮਿਕ ਪਰਚੇ ਤੇ ਧਾਰਮਿਕ ਪ੍ਰਚਾਰ ਦੇ ਹੁੰਦਿਆਂ ਭੀ, 'ਜਗਤ' ਇਸ 'ਭਰਮ ਗੜ੍ਹ' ਦੇ ਹਨੇਰ ਖਾਤੇ ਵਿਚੋਂ ਨਿਕਲ ਨਹੀਂ ਸਕਿਆ। ਬਲਕਿ ਬਾਵਜੂਦ ਇਤਨੇ 'ਧਰਮਾਂ' ਅਤੇ ਧਰਮ ਪ੍ਰਚਾਰ ਦੇ, 'ਜੀਵ' ਦੀ ਮਾਨਸਿਕ ਅਤੇ ਅਧਿਆਤਮਿਕ ਹਾਲਤ ਨਿੱਘਰਦੀ ਜਾਂਦੀ ਹੈ ਅਤੇ ਮਾਨਸਿਕ ਅਉਗਣ ਘਟਣ ਦੀ ਬਜਾਏ, ਵਧੱਦੇ ਜਾ ਰਹੇ ਹਨ।

ਅੰਧੇ ਆਪਣੀ ਸਰੀਰਕ ਊਣਤਾਈ ਨੂੰ ਮਹਿਸੂਸ ਕਰਦੇ ਹਨ ਤੇ ਰਬ ਦਾ ਭਾਣਾ ਸਮਝ ਕੇ ਸਬਰ-ਸਬੂਰੀ ਨਾਲ ਆਪਣਾ ਔਖਾ ਜੀਵਨ ਬਤੀਤ ਕਰਦੇ ਹਨ ।

ਪਰ ਜੀਵਾਂ ਨੂੰ ਆਪਣੀ ਮਾਨਸਿਕ ਅਗਿਆਨਤਾ ਦੇ 'ਭਰਮ-ਭੁਲਾਵੇ' ਦੀ ਬਾਬਤ—

ਪਤਾ ਹੀ ਨਹੀਂ
ਸੋਝੀ ਹੀ ਨਹੀਂ
ਗਹੁ ਹੀ ਨਹੀਂ ਕਰਦੇ
ਮਹਿਸੂਸ ਹੀ ਨਹੀਂ ਕਰਦੇ
ਬੇਪਰਵਾਹ ਹਨ
ਬੇਫ਼ਿਕਰ ਹਨ
ਨਾ ਜਾਨਣ ਦੀ ਲੋੜ ਹੀ ਭਾਸਦੀ ਹੈ ।

ਭਾਂਵੇਂ ਗੁਰੂਆਂ, ਅਵਤਾਰਾਂ, ਸੰਤਾਂ, ਭਗਤਾਂ, ਮਹਾਂਪੁਰਖਾਂ ਨੇ ਆਪੋ-ਆਪਣੀਆਂ ਬਾਣੀਆਂ ਅਤੇ ਉਪਦੇਸ਼ਾਂ ਵਿਚ ਦਸਿਆ ਹੈ ਕਿ—

1. ਸਾਰਾ ਜਗ 'ਭਰਮ-ਭੁਲਾਵਾ' ਹੀ ਹੈ ।

2. ਇਸ ਭਰਮ ਗੜ੍ਹ ਦੇ ਦੁਖਾਂ-ਕਲੇਸ਼ਾਂ ਦਾ ਸਪਸ਼ਟ ਬਿਆਨ ਹੈ, ਜੋ ਸਾਡੇ ਜੀਵਨ ਦੇ ਹਰ ਪੱਖ ਦੇ ਤਜਰਬੇ ਵਿਚ ਆਉਂਦੇ ਹਨ ।

3. ਇਸ ਦੁਖਦਾਈ 'ਭਰਮ-ਗੜ੍ਹ' ਵਿਚੋਂ ਨਿਕਲਣ ਦੀ ਸੱਚੀ ਤੇ ਪੱਕੀ ਜੁਗਤ ਤੇ ਸਪਸ਼ਟ ਸਾਧਨ ਭੀ ਦਸੇ ਗਏ ਹਨ । ਪਰ ਫੇਰ ਵੀ ਸਾਨੂੰ ਇਹਨਾਂ ਦੈਵੀ ਉਪਦੇਸ਼ਾਂ ਤੇ ਭਰੋਸਾ ਨਹੀਂ ਆਉਂਦਾ, ਕਿਉਂਕਿ ਅਸੀਂ ਆਪਣੇ 'ਭਰਮ' ਦੀ ਅਗਿਆਨਤਾ ਨੂੰ ਹੀ 'ਸਚ' ਮੰਨੀ ਬੈਠੇ ਹਾਂ। ਇਹਨਾਂ ਉਪਦੇਸ਼ਾਂ ਨੂੰ ਅਸੀਂ ਓਪਰੇ ਜਿਹੇ ਮਨ ਨਾਲ ਪੜ੍ਹ-ਸੁਣ ਕੇ ਆਪਣੇ-ਆਪ ਨੂੰ ਝੂਠੀ ਤੱਸਲੀ ਦੇ ਛਡਦੇ ਹਾਂ ਯਾ ਇਹਨਾਂ ਵਲੋਂ ਜਾਣ-ਬੁਝ ਕੇ ਮਚਲੇ ਯਾ ਢੀਠ ਹੋਏ ਹਾਂ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥ (ਪੰਨਾ-335)

ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ
ਇਕੁ ਮੁਹਤੁ ਨ ਇਹੁ ਮਨੁ ਲਾਇਓ ॥ (ਪੰਨਾ-712)

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥ (ਪੰਨਾ-657)

ਇਹ ਮਾਨਸਿਕ ਅਗਿਆਨਤਾ ਦਾ 'ਭਰਮ-ਭੁਲਾਵਾ', ਸਮੁੱਚੇ ਤ੍ਰੈ-ਗੁਣੀ ਮਾਇਕੀ ਮੰਡਲ ਵਿਚ ਹਰ ਜੀਵ ਦੇ—

ਸਰੀਰਕ
ਮਾਨਸਿਕ
ਆਰਥਿਕ
ਵਿਦਿਅਕ
ਭਾਈਚਾਰਕ
ਵਿਗਿਆਨਕ
ਧਾਰਮਿਕ
ਅਧਿਆਤਮਿਕ

ਜੀਵਨ ਵਿਚ ਗੁੱਝੇ ਤੌਰ ਤੇ ਪ੍ਰਵੇਸ਼ ਅਤੇ ਪ੍ਰਵਿਰਤ ਹੈ।

ਅਸੀਂ ਇਸ ਮਾਨਸਿਕ 'ਭਰਮ-ਭੁਲਾਵੇ' ਵਿਚ ਅਨੇਕਾਂ ਜਨਮਾਂ ਤੋਂ ਪਲਚ-ਪਲਚ ਕੇ ਦੁਖੀ ਹੁੰਦੇ ਰਹੇ ਹਾਂ ਅਤੇ ਹੁਣ ਭੀ ਦੁਖੀ ਹੋ ਰਹੇ ਹਾਂ। ਇਹ 'ਭਰਮ-ਭੁਲਾਵਾ' ਮਰਨ ਤੋਂ

ਮਗਰੋਂ ਭੀ ਸਾਡੇ ਅਗਲੇ ਜਨਮਾਂ ਵਿਚ ਨਾਲ ਹੀ ਜਾਵੇਗਾ ਅਤੇ ਏਸੇ ਤਰ੍ਹਾਂ ਅਸੀਂ —

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਦੇ ਅਮੁਕਵੇਂ ਦੁਖਦਾਈ 'ਗੇੜ' ਵਿਚ ਫਸ ਕੇ ਦੁਖੀ ਹੁੰਦੇ ਰਹਾਂਗੇ।

ਜਦ ਤਾਈਂ ਸਾਡੇ ਅੰਦਰ ਨਾਮ ਦਾ 'ਆਤਮ-ਪ੍ਰਕਾਸ਼' ਨਹੀਂ ਹੁੰਦਾ, ਅਤੇ ਇਹ ਮਾਨਸਿਕ 'ਭਰਮ ਦਾ ਆਂਡਾ' ਨਹੀਂ ਫੁਟਦਾ, ਅਸੀਂ ਇਸੇ 'ਭਰਮ-ਗੜ੍ਹ' ਦੇ ਹਨੇਰ ਖਾਤੇ ਵਿਚ ਹੀ ਵਿਚਰਦੇ ਰਹਾਂਗੇ ।

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥ (ਪੰਨਾ-1002)

ਇਹ ਮਾਨਸਿਕ 'ਭਰਮ-ਭੁਲਾਵਾ' ਹੀ ਸਾਨੂੰ ਆਪਣੇ ਅੰਦਰਲੇ ਭਰਮ ਮਈ ਹਨੇਰੇ ਨੂੰ 'ਮਹਿਸੂਸ' ਨਹੀਂ ਹੋਣ ਦੇਂਦਾ। ਇਸ ਲਈ ਇਸ ਦੇ ਇਲਾਜ ਦੀ ਲੋੜ ਹੀ ਨਹੀਂ ਭਾਸਦੀ।

ਐਸਾ ਤੈਂ ਜਗੁ ਭਰਮਿ ਲਾਇਆ ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥ (ਪੰਨਾ-92)

ਜਿਸ ਤਰ੍ਹਾਂ ਜੀਵਾਂ ਦੇ ਮਨਾਂ ਵਿਚ ਧਰਮ, ਪਾਠ, ਪੂਜਾ, ਕਰਮ-ਕਾਂਡ, ਧਾਰਮਿਕ ਪ੍ਰਚਾਰ ਅਤੇ ਪਰਮਾਤਮਾ ਦੀ ਬਾਬਤ ਅਤਿਅੰਤ ਭਰਮ-ਭੁਲੇਖੇ ਪ੍ਰਵਿਰਤ ਹਨ, ਉਸੇ ਤਰ੍ਹਾਂ ਸਾਡੇ —

ਮਨ
ਚਿਤ
ਬੁਧੀ
ਸੋਚਣੀ
ਨਿਸਚਿਆਂ
ਸ਼ਰਧਾ
ਭਾਵਨੀ
ਕਰਮ
ਕ੍ਰਿਆ

ਵਿਚ ਭੀ ਇਹੋ 'ਭਰਮ-ਮਈ' ਮਾਇਕੀ ਹਨੇਰੇ ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੈ।

ਸਾਡੀਆਂ ਦਿਮਾਗੀ ਮਾਨਸਿਕ —

ਸਿਆਣਪਾਂ
ਉਕਤੀਆਂ
ਜੁਗਤੀਆਂ
ਵਿਦਿਆ
ਵਿਦਿਅਕ ਢਾਂਚਾ
ਵਿਗਿਆਨ
ਆਧੁਨਿਕ ਕਾਢਾਂ
ਨਵੀਨ ਸਭਿਅਤਾ

ਭੀ ਇਸੇ ਮਾਇਕੀ ਭਰਮ-ਭੁਲਾਵੇ ਦੀ ਅਗਿਆਨਤਾ ਦੇ 'ਹਨੇਰ' ਤੋਂ ਹੀ ਉਪਜਦੀਆਂ ਅਤੇ ਪ੍ਰਫੁਲਿਤ ਹੁੰਦੀਆਂ ਹਨ।

ਐਸੀਆਂ ਮਾਇਕੀ ਭਰਮ-ਭੁਲਾਵੇ ਦੀਆਂ ਵਿਦਿਅਕ ਡਿਗਰੀਆਂ ਦੀਆਂ ਪ੍ਰਾਪਤੀਆਂ ਉਤੇ ਆਕੜੇ ਅਤੇ ਆਫਰੇ ਫਿਰਦੇ ਹਾਂ ਅਤੇ ਭਲੇ-ਭਲੇਰੇ, ਵਿਦਵਾਨ ਅਤੇ ਅਫ਼ਲਾਤੂਨ ਅਖਵਾ ਕੇ ਆਪਣੀ ਹਉਮੈ ਦੀ ਅਗਿਆਨਤਾ ਨੂੰ ਹੋਰ ਵਧਾ ਰਹੇ ਹਾਂ।

ਇਸ ਭਰਮ-ਭੁਲਾਵੇ ਵਿਚ ਅਸੀਂ ਆਪਣੇ 'ਆਤਮ-ਤਤ' ਅਥਵਾ 'ਨਾਮ' ਦੀ ਰੋਸ਼ਨੀ ਤੋਂ ਹੋਰ ਦੂਰ ਜਾ ਰਹੇ ਹਾਂ।

ਪੜਿ ਪੜਿ ਲੂਝਹਿ ਬਾਦੁ ਵਖਾਣਹਿ
ਮਿਲਿ ਮਾਇਆ ਸੁਰਤਿ ਗਵਾਈ ॥ (ਪੰਨਾ-1131)

ਪੜਿ ਪੜਿ ਭੂਲਹਿ ਚੋਟਾ ਖਾਹਿ ॥
ਬਹੁਤੁ ਸਿਆਣਪ ਆਵਹਿ ਜਾਹਿ ॥ (ਪੰਨਾ-686)

ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ (ਪੰਨਾ-467)

ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥
ਦੁਬਿਧਾ ਰਾਤੇ ਮਹਲੁ ਨ ਪਾਵਹਿ ॥ (ਪੰਨਾ-904)

ਸਾਡੇ ਮਾਨਸਿਕ ਅਤੇ ਮਾਇਕੀ ਜੀਵਨ ਲਈ ਇਨ੍ਹਾਂ ਵਿਦਿਅਕ ਅਤੇ ਵਿਗਿਆਨਕ ਪੜ੍ਹਾਈਆਂ ਦੀ ਭੀ ਲੋੜ ਹੈ, ਕਿਉਂਕਿ ਇਨ੍ਹਾਂ ਦੁਆਰਾ ਸੁਖ ਅਤੇ ਐਸ਼ ਦੇ ਨਵੇਂ-ਨਵੇਂ ਸਾਧਨ ਪ੍ਰਾਪਤ ਹੁੰਦੇ ਰਹਿੰਦੇ ਹਨ ।

ਪਰ ਇਨ੍ਹਾਂ ਵਿਦਿਅਕ ਅਤੇ ਵਿਗਿਆਨਕ ਪੜ੍ਹਾਈਆਂ ਦੁਆਰਾ ਪ੍ਰਾਪਤ ਸੁਖ ਅਤੇ ਐਸ਼ ਇਸੇ ਜਨਮ ਤਾਈਂ ਸੀਮਤ ਹਨ। ਇਹਨਾਂ ਸੁਖਾਂ ਵਿਚ ਪ੍ਰਵਿਰਤ ਅਤੇ ਮਸਤ ਹੋ ਕੇ , ਸਦੀਵੀ ਸੁਖਾਂ ਦੇ 'ਸੋਮੇ', ਆਪਣੇ ਪਰਮ 'ਆਤਮ-ਤਤ' ਅਥਵਾ 'ਨਾਮ', ਤੋਂ ਬੇਪ੍ਰਵਾਹ ਅਤੇ ਬੇਮੁਖ ਹੋਣਾ ਹੀ ਸਾਡਾ—

ਮਾਨਸਿਕ ਭਰਮ ਭੁਲਾਵਾ ਹੈ।

ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹੁ ਸੁਆਇ ॥
ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ (ਪੰ.-85)

ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥ (ਪੰਨਾ-230-31)

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੇ ਭਾਇ ਖੁਆਰੁ ॥ (ਪੰਨਾ-650)

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥
ਨਾਮੁ ਨ ਬੂਝਹਿ ਭਰਮਿ ਭੁਲਾਨਾ ॥ (ਪੰਨਾ-1032)

ਪਰ ਅਸੀਂ ਆਪਣੇ 'ਆਤਮ-ਤਤ' ਅਥਵਾ ਨਾਮ ਦੇ ਪ੍ਰਕਾਸ਼ ਰੂਪੀ 'ਤਤ-ਗਿਆਨ' ਨੂੰ ਉਕਾ ਹੀ ਭੁਲ ਗਏ ਹਾਂ।

ਇਸ 'ਤਤ-ਗਿਆਨ' ਯਾ 'ਅਨੁਭਵ ਪ੍ਰਕਾਸ਼' ਦੀ ਬਾਬਤ ਆਦਿ ਤੋਂ ਹੀ ਗੁਰੂਆਂ-ਅਵਤਾਰਾਂ ਨੇ ਸਾਨੂੰ ਆਤਮਿਕ ਉਪਦੇਸ਼ ਦਿਤੇ ਸਨ—ਪਰ ਅਸੀਂ ਇਹਨਾਂ ਸੱਚੇ-ਸੁੱਚੇ ਉਪਦੇਸ਼ਾਂ ਦਾ ਪਾਠ ਕਰ ਛਡਦੇ ਹਾਂ ਅਤੇ ਭਰਮ-ਮਈ 'ਬੁਧੀ' ਨਾਲ ਫੋਕੀ ਵਿਆਖਿਆ ਕਰਕੇ ਭਲੇ-ਭਲੇਰੇ ਬਣ ਕੇ ਆਫਰੇ ਫਿਰਦੇ ਹਾਂ। ਸਾਨੂੰ ਇਹ ਭੁਲੇਖਾ ਹੈ ਕਿ ਇਹ ਗੁਰਬਾਣੀ ਦੇ ਸੱਚੇ-ਸੁੱਚੇ ਉਪਦੇਸ਼ ਸਾਡੇ ਉਤੇ ਨਹੀਂ ਘਟਦੇ! ਸ਼ਾਇਦ ਕਿਸੇ ਹੋਰ ਅਗਿਆਨੀ ਲਈ ਵਰਤੇ ਗਏ ਹੋਣੇ ਹਨ।

ਸੱਚ ਤਾਂ ਇਹ ਹੈ ਕਿ ਜੇਕਰ ਸਾਡੇ ਜੀਵਨ ਬਿਓਹਾਰ ਨੂੰ ਗਹੁ ਨਾਲ ਘੋਖਿਆ ਜਾਵੇ ਤਾਂ ਸਿੱਧ ਹੋਵੇਗਾ ਕਿ—

ਸਾਡੀ ਹਉਮੈ ਹੀ ਸਾਡਾ — 'ਰੱਬ' ਹੈ !
'ਮੈਂ-ਮੇਰੀ' ਦੀ ਪੂਰਤੀ ਕਰਨੀ ਹੀ ਸਾਡੀ — ਪੂਜਾ ਹੈ !
'ਹਉਮੈ' ਦੀ ਗੁਲਾਮੀ ਕਰਨੀ ਹੀ ਸਾਡਾ — ਧਰਮ ਹੈ !
ਮਾਇਕੀ ਭਰਮ-ਭੁਲਾਵੇ ਵਿਚ ਗਲਤਾਨ ਹੋਣਾ ਹੀ ਸਾਡਾ —'ਜੀਵਨ ਆਦੇਸ਼' ਹੈ !

ਮੇਰੀ ਮੇਰੀ ਕਰਤੇ ਜਨਮੁ ਗਇਓ ॥ (ਪੰਨਾ-479)

ਹਉ ਮੇਰਾ ਜਗੁ ਪਲਚਿ ਰਹਿਆ ਭਾਈ ਕੋਇ ਨ ਕਿਸ ਹੀ ਕੇਰਾ॥ (ਪੰਨਾ-602)

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥ (ਪੰਨਾ-761)

ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥ (ਪੰਨਾ-800)

ਸੋ ਸੰਚੇ ਜੋ ਹੋਛੀ ਬਾਤ ॥
ਮਾਇਆ ਮੋਹਿਆ ਟੇਢਉ ਜਾਤ ॥ (ਪੰਨਾ-892)

ਪਰ ਗੁਰਬਾਣੀ ਤਾਂ ਸਾਡੇ ਇਹਨਾਂ 'ਭਰਮ-ਭੁਲਾਵੇ ਦੇ ਗਲਤ ਨਿਸਚਿਆ ਦੇ ਉਲਟ ਸਾਨੂੰ ਇਉਂ ਤਾੜਨਾ ਕਰਦੀ ਹੈ—

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ (ਪੰਨਾ-468)

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥ (ਪੰਨਾ-488)

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥ (ਪੰਨਾ-219)

ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥
ਝੂਠੈ ਮੋਹਿ ਭਰਮਿ ਭੁਲਾਈ ॥ (ਪੰਨਾ-357)

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥
ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥ (ਪੰਨਾ-777)

ਸਾਡੇ ਐਸੇ ਕੂੜੇ, ਫੋਕੇ , ਦੁਖਦਾਈ ਜੀਵਨ ਦਾ ਮੁੱਢ ਕਾਰਣ ਇਹ ਹੈ ਕਿ ਅਸੀਂ ਜਨਮਾਂ-ਜਨਮਾਂ ਤੋਂ ਇਸ ਮਾਇਕੀ 'ਭਰਮ -ਭੁਲਾਵੇ' ਵਿਚ ਜਿਉਂਦੇ, ਵਿਚਰਦੇ ਅਤੇ ਮਰਦੇ ਆਏ ਹਾਂ , ਜਿਸ ਕਰਕੇ ਇਹ ਕੂੜੀ ਮਾਇਆ ਦਾ 'ਭਰਮ-ਭੁਲਾਵਾ' ਹੀ ਸਾਡਾ ਜੀਵਨ ਆਧਾਰ ਯਾ 'ਧਰਮ' ਬਣ ਚੁਕਿਆ ਹੈ। ਇਸੇ ਕਰਕੇ ਮਾਇਕੀ 'ਭਰਮ ਗੜ੍ਹ' ਨੂੰ ਸਮਝਣ, ਬੁਝਣ ਜਾਨਣ, ਪਹਿਚਾਨਣ ਦੀ ਲੋੜ ਹੀ ਨਹੀਂ ਭਾਸਦੀ ਅਤੇ ਇਸ ਵਿਚੋਂ ਨਿਕਲਣ ਦਾ ਖਿਆਲ ਯਾ ਉੱਦਮ ਤਾਂ ਕੀ ਕਰਨਾ ਸੀ !

ਜੇਕਰ ਸਾਡਾ ਵਿਆਪਕ ਮਾਇਕੀ ਭਰਮ ਮਈ 'ਨਿਸਚਾ' ਸਹੀ ਤੇ ਸੁਖਦਾਈ ਹੁੰਦਾ ਤਾਂ ਇਤਨੇ ਧਰਮ ਅਤੇ ਧਾਰਮਿਕ ਪ੍ਰਚਾਰ ਦੇ ਬਾਵਜੂਦ-'ਇਨਸਾਨੀਅਤ'—

ਇਤਿਫ਼ਾਕ
ਰਵਾਦਾਰੀ
ਪਿਆਰ
ਸੇਵਾ
ਪਰਉਪਕਾਰ
ਹਮਦਰਦੀ

ਮੈਤਰੀ ਭਾਵ
ਸ਼ਾਂਤੀ
ਦਇਆ
ਏਕਤਾ
ਖਿਮਾ
ਧੀਰਜ
ਨਿਮਰਤਾ
ਸਤ
ਸੰਤੋਖ

ਆਦਿ, ਦੈਵੀ ਗੁਣਾਂ ਤੋਂ 'ਸੱਖਣੀ' ਨਾਂ ਹੁੰਦੀ।

ਬਿਜਲੀ ਦੇ ਕਰੰਟ (electric current) ਦੀ ਬਾਬਤ —

ਸੁਣਿਆ-ਸੁਣਾਇਆ
ਪੜ੍ਹਿਆ-ਪੜ੍ਹਾਇਆ
ਸਿਖਿਆ-ਸਿਖਾਇਆ
ਜਾਣਿਆ-ਬੁਝਿਆ
ਕਿਤਾਬੀ

ਗਿਆਨ ਯਾ ਜਾਣਕਾਰੀ —

ਓਪਰੀ ਜਿਹੀ
ਫੋਕੀ
ਅਧੂਰੀ
ਟੋਹ ਮਾਤਰ
ਕਿਆਸ ਅਰਾਈਆਂ
ਦਿਮਾਗੀ ਸ਼ੁਗਲ

ਹੀ ਹੈ, ਜੋ ਸਾਡੇ ਦਿਮਾਗੀ ਗਿਆਨ ਇੰਦਰੀਆਂ ਤਾਂਈਂ ਸੀਮਤ ਹੈ।

ਇਸ ਦਿਮਾਗੀ ਗਿਆਨ ਦੇ ਮੁਕਾਬਲੇ ਤੇ, ਬਿਜਲੀ ਦੇ ਕਰੰਟ ਦਾ ਸਰੀਰਕ 'ਸਪਰਸ਼' ਹੋਣ ਤੇ ਜੋ ਨਿਜੀ ਤਜਰਬੇ (personal experience) ਦਾ ਗਿਆਨ ਹੁੰਦਾ ਹੈ, ਉਹ ਦਿਮਾਗੀ ਗਿਆਨ ਤੋਂ ਵਿਲੱਖਣ ਅਤੇ ਹੋਰਵੇਂ ਪ੍ਰਤੀਤ ਹੋਵੇਗਾ।

ਇਹ ਕਰੰਟ ਦਾ 'ਨਿਜੀ ਤਜਰਬਾ' ਹੀ 'ਬਿਜਲੀ' ਦਾ ਅਸਲੀ ਅਤੇ ਮੂਲ 'ਤਤ-ਗਿਆਨ' ਹੈ।

ਇਸ 'ਨਿਜੀ ਤਜਰਬੇ' ਤੋਂ ਬਗ਼ੈਰ ਸਾਡਾ ਸਾਰਾ ਗਿਆਨ ਸਿਧਾਂਤਿਕ, ਇਲਮੀ, ਕਲਪਿਆ ਹੋਇਆ (theory), ਵਿਚਾਰਾਤਮਿਕ, ਖਿਆਲੀ ਅਤੇ ਦਿਮਾਗੀ ਸ਼ੁਗਲ ਹੀ ਹੈ।

ਇਸ ਮਨੋਕਲਪਤ ਖਿਆਲੀ ਜਾਣਕਾਰੀ ਨੂੰ, ਬਿਜਲੀ ਦੇ ਕਰੰਟ ਦਾ ਅਸਲੀ 'ਤਤ-ਗਿਆਨ' ਸਮਝਣਾ ਹੀ

ਮਾਨਸਿਕ 'ਭਰਮ-ਭੁਲਾਵਾ' ਹੈ।

ਐਨ ਇਸੇ ਤਰ੍ਹਾਂ ਪ੍ਰਕਾਸ਼ ਰੂਪ 'ਨਾਮ', ਅਥਵਾ 'ਆਤਮਿਕ ਤਤ-ਗਿਆਨ' ਨੂੰ, ਦਿਮਾਗੀ 'ਵਿਸ਼ਾ' ਹੀ ਸਮਝਣਾ ਅਤੇ ਦਿਮਾਗੀ ਗਿਆਨ ਤਾਂਈ ਸੀਮਤ ਰੱਖਣਾ ਭੀ ਸਾਡਾ—

ਮਾਨਸਿਕ 'ਭਰਮ-ਭੁਲਾਵਾ' ਹੀ ਹੈ ।

ਐਸੇ ਫੋਕੇ, ਅਧੂਰੇ, ਮਨੋਕਲਪਤ ਦਿਮਾਗੀ ਧਾਰਮਿਕ ਗਿਆਨ ਦਾ ਪ੍ਰਚਾਰ ਭੀ, ਸਾਡੇ ਮਾਇਕੀ 'ਭਰਮ-ਭੁਲਾਵੇ' ਦੇ 'ਭਰਮ-ਗੜ੍ਹ' ਤਾਂਈਂ ਸੀਮਤ ਰਹਿੰਦਾ ਹੈ, ਜੋ ਸਾਨੂੰ 'ਆਤਮ-ਤਤ' 'ਨਾਮ' ਦਾ—

ਤਤ-ਗਿਆਨ
ਲਿਸ਼ਕਾਰਾ
ਆਤਮ-ਪ੍ਰਕਾਸ਼
ਆਤਮ ਛੋਹ
ਆਤਮ ਰਸ
ਆਤਮ ਰੰਗ
ਆਤਮ ਬਿਸਮਾਦ
ਸਹਜ ਸਮਾਧ

ਦੇ ਅੰਤ੍ਰ-ਆਤਮੇ 'ਨਿਜੀ ਤਜਰਬੇ' ਨਹੀਂ ਕਰਾ ਸਕਦਾ।

ਇਹੋ ਕਾਰਣ ਹੈ ਕਿ ਬੇਅੰਤ—

ਧਰਮ
ਧਰਮ ਗ੍ਰੰਥ
ਧਰਮ ਮੰਦਰ
ਪਾਠ
ਪੂਜਾ
ਜਪ
ਤਪ
ਕਰਮ

ਕ੍ਰਿਆ

ਜੋਗ

ਸਾਧਨਾ

ਘਾਲਣਾ

ਦੇ ਬਾਵਜੂਦ, ਸੰਸਾਰ ਦੀ ਮਾਨਸਿਕ ਅਤੇ ਅਧਿਆਤਮਿਕ ਅਵਸਥਾ ਦਿਨੋ ਦਿਨ ਨਿੱਘਰਦੀ ਜਾਂਦੀ ਹੈ।

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥
ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ (ਪੰਨਾ-325)

ਦੂਜੇ ਲਫ਼ਜ਼ਾਂ ਵਿਚ ਸਾਡਾ ਦਿਮਾਗੀ ਧਾਰਮਿਕ 'ਗਿਆਨ' ਤੇ ਉਸਦਾ ਪ੍ਰਚਾਰ ਭੀ ਸਾਡੇ ਮਾਇਕੀ —

'ਭਰਮ ਭੁਲਾਵੇ'

ਦੇ ਦਾਇਰੇ ਤਾਂਈਂ ਸੀਮਤ ਹੈ, ਜਿਸ ਦੀ 'ਆਤਮਿਕ-ਤਤ' ਅਥਵਾ 'ਨਾਮ-ਪ੍ਰਕਾਸ਼' ਤਾਂਈਂ ਪਹੁੰਚ ਨਹੀਂ ਹੈ।

ਸਾਡੀਆਂ ਦਿਮਾਗੀ ਕਿਆਸ-ਅਰਾਈਆਂ ਅਤੇ ਕੁੱਕੜ-ਉਡਾਰੀਆਂ ਸਾਨੂੰ ਮਾਇਕੀ 'ਹਨੇਰ-ਮੰਡਲ' ਦੀ 'ਸੀਮਾ' ਤਾਂਈਂ ਹੀ ਪਹੁੰਚਾ ਸਕਦੀਆਂ ਹਨ। ਇਸ ਤੋਂ ਪਰੇ ਆਤਮਿਕ ਦੇਸ਼ ਅਥਵਾ ਆਤਮ-ਪ੍ਰਕਾਸ਼ ਦੇ 'ਲਿਸ਼ਕਾਰੇ' ਨਹੀਂ ਦਿਖਾ ਸਕਦੀਆਂ। ਅਸੀਂ ਇਹਨਾਂ ਦਿਮਾਗੀ ਉਡਾਰੀਆਂ ਦੀਆਂ ਪ੍ਰਾਪਤੀਆਂ ਨੂੰ 'ਕਵਿਤਾ' ਕਹਿ ਕੇ ਫੁਲੇ ਨਹੀਂ ਸਮਾਉਂਦੇ ਅਤੇ ਇਸੇ ਨੂੰ ਆਤਮਿਕ 'ਪ੍ਰਾਪਤੀ' ਸਮਝੀ ਬੈਠੇ ਹਾਂ।

ਇਹਨਾਂ ਕਵੀਆਂ ਦੇ ਸੂਖਮ, ਤੀਖਣ, ਕਟਾਖ੍ਯਮਈ ਵਲਵਲਿਆਂ ਦੀਆਂ ਉਡਾਰੀਆਂ ਨੂੰ 'ਆਤਮ-ਪ੍ਰਕਾਸ਼' ਦਾ 'ਜਲਵਾ' ਸਮਝਣਾ ਭੀ ਸਾਡੀ ਮਾਨਸਿਕ ਅਗਿਆਨਤਾ ਦਾ —

'ਭਰਮ-ਭੁਲਾਵਾ' ਹੀ ਹੈ।

ਉਦਾਹਰਣ ਦੇ ਤੌਰ ਤੇ 'ਭਾਈ ਨੰਦ ਲਾਲ ਜੀ' ਚੋਟੀ ਦੇ ਵਿਦਵਾਨ ਤੇ 'ਕਵੀ' ਸਨ — ਪਰ ਉਹਨਾਂ ਦੀਆਂ ਤੀਖਣ ਮਾਨਸਿਕ ਉਡਾਰੀਆਂ ਮਾਇਕੀ ਮੰਡਲ ਤਾਂਈਂ 'ਸੀਮਤ' ਸਨ। ਪਰ ਜਦ ਉਹਨਾਂ ਉਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਕਟਾਖ੍ਯਮਈ ਇਲਾਹੀ 'ਨਦਰਿ-ਕਰਮ' ਹੋਈ, ਤਾਂ ਓਹਨਾਂ ਦੇ ਮਨ ਉਤੇ ਆਤਮ ਪ੍ਰਕਾਸ਼ ਦਾ 'ਲਿਸ਼ਕਾਰਾ' ਵੱਜਾ ਤੇ ਉਹਨਾਂ ਦੀ ਵਿਦਵਤਾ ਤੇ 'ਕਵਿਤਾ' — 'ਨਾਮ ਰੰਗ' ਵਿਚ ਰੰਗੀ ਗਈ ਅਤੇ ਓਹਨਾਂ ਦੀਆਂ ਲਿਖਤਾਂ ਵਿਚ ਆਤਮਿਕ 'ਚਮਕ' ਦੀਆਂ ਲਿਸ਼ਕਾਂ ਪ੍ਰਕਾਸ਼ਮਾਨ ਹੋ ਗਈਆਂ।

ਇਸੇ ਤਰ੍ਹਾਂ 'ਰਾਗ' ਅਥਵਾ 'ਨਾਦ' ਦੇ ਭੀ ਦੋ ਸਰੂਪ ਹਨ —

1. ਬਾਹਰੀ ਰਾਗ ਜੋ 'ਬੁਧੀ' ਨਾਲ ਸਿਖਿਆ-ਸਿਖਾਇਆ ਜਾਂਦਾ ਹੈ ਅਤੇ ਸਾਜਾਂ ਉਤੇ ਸੁਰ-ਤਾਲ ਨਾਲ ਵਜਾਇਆ ਜਾਂਦਾ ਹੈ।

2. ਅਨੁਭਵੀ 'ਇਲਾਹੀ-ਰਾਗ' ਅਥਵਾ 'ਅਨਹਦ ਧੁਨੀ' ਹੈ, ਜੋ 'ਜਤ੍ ਤਤ੍ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ' ਅਨੁਸਾਰ, ਸਾਰੀ ਕਾਇਨਾਤ ਵਿਚ ਲਗਾਤਾਰ ਇਕ ਰਸ ਰਵਿ ਰਹੀ ਭਰਪੂਰ ਹੈ ਅਤੇ ਅਨੇਕਾਂ ਵਲਵਲਿਆਂ, ਰੂਪਾਂ, ਤਰੰਗਾਂ, ਥਰਥਰਾਹਟ, ਲਹਿਰਾਂ ਦੁਆਰਾ 'ਚੁਪ ਬੋਲੀ' ਵਿਚ ਗੂੰਜ ਰਹੀ ਹੈ।

ਅਣਮੜਿਆ ਮੰਦਲੁ ਬਾਜੈ ॥
ਬਿਨੁ ਸਾਵਣ ਘਨਹਰੁ ਗਾਜੈ ॥ (ਪੰਨਾ-657)

ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ ॥ (ਪੰ.-909)

ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥ (ਪੰਨਾ-91)

'ਇਲਾਹੀ ਰਾਗ' ਯਾ 'ਅਨਹਦ ਧੁਨੀ' ਅਤਿ ਸੂਖਮ ਹੋਣ ਕਾਰਣ, ਸਾਡੀ ਬੁੱਧੀ ਦੇ ਦਾਇਰੇ ਤੋਂ ਬਾਹਰ ਹੈ। ਸੂਖਮ ਵਸਤੂ ਨੂੰ ਪਕੜਨ ਲਈ, ਸੂਖਮ ਬੁੱਧੀ ਜਾਂ ਅਨੁਭਵ ਦੀ ਲੋੜ ਹੈ। 'ਬਾਹਰੀ ਰਾਗ' ਦੀ ਸੁਰ, ਲੈਅ, ਤਾਲ ਨੂੰ ਸੁਣਨ ਯਾ 'ਫੜਨ' ਦੀ ਭੀ ਹਰ ਇਕ ਵਿਚ ਯੋਗਤਾ ਨਹੀਂ ਹੁੰਦੀ। ਬਹੁਤੇ ਤਾਂ ਰਾਗ ਦੀ ਬਾਹਰੀ 'ਟੂੰ-ਟਾਂ' ਸੁਣ ਕੇ ਹੀ ਵਾਹ-ਵਾਹ ਕਰ ਛਡਦੇ ਹਨ।

ਇਸ 'ਅਨਹਦ ਧੁਨੀ' ਨੂੰ ਸੁਣਨ ਅਤੇ ਅਨੁਭਵ ਕਰਨ ਲਈ ਜਿਗਿਆਸੂ ਨੂੰ ਤ੍ਰੈ-ਗੁਣੀ ਮਾਇਕੀ ਮੰਡਲ ਤੋਂ ਉੱਚਾ ਉਠ ਕੇ ਆਪਣੀਆਂ ਦੈਵੀ- ਭਾਵਨਾਵਾਂ, ਰੂਪ, ਤਰੰਗਾਂ ਨੂੰ 'ਇਲਾਹੀ ਨਾਦ' ਦੀਆਂ ਤਰੰਗਾਂ (vibrations) ਨਾਲ, ਇਕ ਸੁਰ (in-tune) ਕਰਨਾ ਪਵੇ ਗਾ।

ਨਿਰੇ-ਪੁਰੇ ਬਾਹਰਲੇ ਮਾਇਕੀ ਮੰਡਲ ਦੇ 'ਰਾਗ' ਦੁਆਰਾ ਇਹ 'ਅਨਹਦ ਧੁਨੀ' ਸੁਣੀ ਨਹੀਂ ਜਾ ਸਕਦੀ। ਅਨੁਭਵੀ ਆਤਮਿਕ 'ਤਤ-ਗਿਆਨ' ਅਥਵਾ 'ਨਾਮ' ਅਥਵਾ 'ਸ਼ਬਦ' ਦੁਆਰਾ ਹੀ ਇਸ 'ਅਨਹਦ ਧੁਨੀ' ਦਾ ਅਨੁਭਵ ਹੋ ਸਕਦਾ ਹੈ।

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥ (ਪੰ.-921)

ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥ (ਪੰ.-442)

ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ ॥
ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥ (ਪੰਨਾ-436)

ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥
ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥ (ਪੰਨਾ-42)

ਸਹਜੇ ਅਨਹਤ ਸਬਦੁ ਵਜਾਇਆ ॥
ਸਹਜੇ ਰੁਣ ਝੁਣਕਾਰੁ ਸੁਹਾਇਆ ॥ (ਪੰਨਾ-237)

ਮਾਈ ਰੀ ਪੇਖਿ ਰਹੀ ਬਿਸਮਾਦ ॥
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥ (ਪੰਨਾ-1226)

ਪਰ ਬਾਹਰਲੇ ਸਿਖੇ-ਸਿਖਾਏ ਦਿਮਾਗੀ 'ਰਾਗ' ਨੂੰ—ਅਨੁਭਵੀ 'ਅਨਹਦ ਧੁਨੀ' ਸਮਝਣਾ ਹੀ, ਸਾਡੀ ਮਾਨਸਿਕ ਅਗਿਆਨਤਾ ਦਾ—

'ਭਰਮ-ਭੁਲਾਵਾ' ਹੈ।

ਇਸੇ ਤਰ੍ਹਾਂ 'ਧਰਮ' ਯਾ 'ਮਜ਼ਹਬ'—ਪਰਮੇਸ਼ਰ ਤੋਂ ਭੁਲੇ ਅਤੇ ਵਿਛੜੇ ਹੋਏ ਜੀਵਾਂ ਨੂੰ ਮੁੜ ਆਪਣੇ ਕੇਂਦਰ 'ਪਰਮੇਸ਼ਰ' ਦੀ ਯਾਦ ਕਰਾਉਣ, ਅਤੇ ਉਸ ਵਲ ਪ੍ਰੇਰਨ ਲਈ ਰਚੇ ਗਏ ਸਨ ਅਤੇ ਇਸ ਤਰ੍ਹਾਂ 'ਪ੍ਰਭੂ-ਮਿਲਾਪ' ਦਾ ਸਾਧਨ ਹਨ।

ਪਰ ਅਸੀਂ ਧਰਮ ਨੂੰ—

ਮਾਇਕੀ ਗਰਜ਼ਾਂ ਦੀ ਪੂਰਤੀ ਲਈ,
ਮਾਨਸਿਕ ਪ੍ਰਾਪਤੀਆਂ ਲਈ,
ਸੁਖ ਐਸ਼ ਦੀ ਪ੍ਰਾਪਤੀ ਲਈ,
ਦੁਖਾਂ-ਕਲੇਸ਼ਾਂ ਤੋਂ ਬਚਣ ਲਈ,
ਮਾਨਸਿਕ ਸ਼ਾਂਤੀ ਲਈ,
ਅਪਣੇ ਪਾਪ ਢਕਣ ਲਈ,
ਜਮਾਂ ਦੀ ਸਜ਼ਾ ਤੋਂ ਬਚਣ ਲਈ,
'ਧਰਮੀ' ਅਖਵਾਉਣ ਲਈ,
'ਵਾਹ-ਵਾਹ' ਕਰਾਉਣ ਲਈ,
'ਲੋਕ-ਦਿਖਾਵੇ' ਲਈ,
ਦਿਮਾਗੀ 'ਵਾਦ-ਵਿਵਾਦ' ਲਈ,
ਦਿਮਾਗੀ ਸ਼ੁਗਲ ਲਈ,
ਅਖੌਤੀ ਧਾਰਮਿਕ ਠਾਠ-ਬਾਠ ਰਚਾਉਣ ਲਈ,
ਚੇਲੇ-ਚਾਟੜੇ ਬਨਾਉਣ ਲਈ,
ਸੌਦੇਬਾਜ਼ੀ ਲਈ,
ਆਵਾਗਵਨ 'ਚੋਂ ਨਿਕਲਣ ਲਈ,
ਮੁਕਤੀ ਦੀ ਪ੍ਰਾਪਤੀ ਲਈ,

ਆਦਿ, ਮਾਇਕੀ ਮਨੋਰਥਾਂ ਲਈ ਹੀ ਅਪਨਾਉਂਦੇ ਹਾਂ ਅਤੇ ਇਸ ਧਾਰਮਿਕ ਅਗਿਆਨਤਾ ਵਿਚ ਹੀ ਗਲਤਾਨ ਹੋ ਕੇ ਭਲੇ-ਭਲੇਰੇ ਬਣੇ ਫਿਰਦੇ ਹਾਂ।

ਕਬੀਰ ਕਾਮਿ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ ॥ (ਪੰਨਾ-1373)

ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ ॥ (ਪੰਨਾ-738)

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥ (ਪੰਨਾ-495)

ਸਾਡਾ ਐਸਾ ਬਾਹਰਮੁਖੀ ਮਾਨਸਿਕ 'ਧਰਮ' ਸਾਨੂੰ ਮਾਇਆ ਵਿਚੋਂ ਕੱਢਣ ਦੀ ਬਜਾਏ, ਮਾਇਆ ਦੇ 'ਭਰਮ-ਭੁਲੇਖਿਆਂ' ਵਿਚ ਹੀ ਫਸਾਈ ਰਖਦਾ ਹੈ, ਅਤੇ ਧਰਮ ਦੇ ਅਸਲੀ ਉਚੇ-ਸੁੱਚੇ ਮਨੋਰਥ ਤੋਂ ਦੁਰੇਡੇ ਲੈ ਜਾ ਰਿਹਾ ਹੈ।

'ਧਰਮ' ਯਾ 'ਮਜ਼ਹਬ' ਦੇ ਇਹਨਾਂ ਗਲਤ ਨਿਸਚਿਆਂ ਅਤੇ 'ਵਰਤੋਂ' ਨੂੰ ਹੀ

ਮਾਨਸਿਕ 'ਭਰਮ-ਭੁਲੇਖਾ'

ਆਖਿਆ ਜਾਂਦਾ ਹੈ।

ਇਹਨਾਂ ਧਾਰਮਿਕ 'ਭਰਮ-ਭੁਲੇਖਿਆਂ' ਵਿਚੋਂ ਹੀ ਸਾਰੇ ਅਉਗੁਣ ਉਪਜਦੇ ਹਨ; ਜਿਹਾ ਕਿ—ਵੈਰ, ਵਿਰੋਧ, ਨਫਰਤ, ਸਾੜਾ, ਕੁਲਝਣਾ, ਨਿੰਦਾ, ਚੁਗਲੀ, ਰੋਸੇ, ਸ਼ੱਕ, ਚਿੰਤਾ, ਤ੍ਰਿਸ਼ਨਾ, ਈਰਖਾ, ਦਵੈਤ, ਤਅੱਸੁਬ, ਬਦਲਾ, ਝੂਠ, ਖੁਦਗਰਜ਼ੀ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਮੈਂ-ਮੇਰੀ ਆਦਿ ।

ਇਹਨਾਂ ਬਾਹਰਮੁਖੀ ਧਰਮਾਂ ਦੇ ਦਿਮਾਗੀ ਦਾਇਰੇ ਵਿਚ ਹੀ—

ਧਰਮ ਅਸਥਾਨ
ਧਾਰਮਿਕ ਸਕੂਲ-ਕਾਲਜ
ਧਾਰਮਿਕ ਪ੍ਰਚਾਰ
ਧਾਰਮਿਕ ਲਿਖਤਾਂ
ਧਾਰਮਿਕ ਸੰਸਥਾਵਾਂ
ਧਾਰਮਿਕ ਡੇਰੇ

ਆਉਂਦੇ ਹਨ, ਕਿਉਂਕਿ ਇਹਨਾਂ ਵਿਚ ਬਾਹਰਮੁਖੀ ਦਿਮਾਗੀ ਧਾਰਮਿਕ ਵਿਦਿਆ ਹੀ ਸਿਖੀ-ਸਿਖਾਈ ਜਾਂਦੀ ਹੈ ਅਤੇ 'ਆਤਮ ਤਤ-ਗਿਆਨ' ਯਾ 'ਆਤਮਿਕ ਪ੍ਰਕਾਸ਼' ਅਥਵਾ 'ਨਾਮ' ਦੀ ਬਾਬਤ ਟੂਕ ਮਾਤਰ, ਓਪਰੀ ਜਿਹੀ, ਦਿਮਾਗੀ ਵਿਆਖਿਆ ਹੀ ਹੁੰਦੀ ਹੈ।

ਇਸ ਲਈ ਐਸਾ ਬਾਹਰਮੁਖੀ ਧਾਰਮਿਕ ਪ੍ਰਚਾਰ ਭੀ ਦਿਮਾਗੀ ਮੰਡਲ ਤਾਂਈਂ ਸੀਮਤ ਰਹਿੰਦਾ ਹੈ ਅਤੇ ਆਤਮ-ਪ੍ਰਕਾਸ਼ ਦੇ 'ਤਤ-ਗਿਆਨ' ਤਾਂਈਂ ਇਸ ਦੀ 'ਪਹੁੰਚ' ਨਹੀਂ ਹੈ ।

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥
ਨਾਮੁ ਨ ਬੂਝਹਿ ਭਰਮਿ ਭੁਲਾਨਾ ॥ (ਪੰਨਾ-1032)

ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥ (ਪੰਨਾ-1050)

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥
ਵਾਦੁ ਵਖਾਣਹਿ ਤਤੁ ਨ ਜਾਣਾ ॥ (ਪੰਨਾ-1032)

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੈ ਤੂੰ ਡੂਬਿ ਮੁਆ ॥
(ਪੰਨਾ-435)

ਦੁਖਦਾਈ ਅਤੇ ਅਫਸੋਸ ਦੀ ਗੱਲ ਤਾਂ ਇਹ ਹੈ ਕਿ ਜਿਸ ਮਾਨਸਿਕ 'ਭਰਮ-ਭੁਲੇਖਿਆਂ' ਵਿਚ ਅਸੀਂ ਆਪ ਗਲਤਾਨ ਹਾਂ—ਉਸੇ ਧਾਰਮਿਕ 'ਭਰਮ-ਭੁਲੇਖਿਆਂ' ਦਾ ਹੀ ਪ੍ਰਚਾਰ ਕਰਕੇ, ਆਮ ਭੋਲੀ-ਭਾਲੀ ਜਨਤਾ ਨੂੰ ਇਹਨਾਂ ਧਾਰਮਿਕ ਭੁਲੇਖਿਆਂ ਵਿਚ ਹੀ ਫਸਾਈ ਜਾਂਦੇ ਹਾਂ, ਅਤੇ ਓਹਨਾਂ ਨੂੰ ਸਹੀ ਆਤਮਿਕ 'ਜੀਵਨ-ਸੇਧ' ਤੋਂ ਵਾਂਝੇ ਰਖਦੇ ਹਾਂ।

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥ (ਪੰਨਾ-1369-70)

ਇਸ ਤਰ੍ਹਾਂ ਬਾਹਰਮੁਖੀ ਧਾਰਮਿਕ 'ਭਰਮ-ਭੁਲੇਖਿਆਂ' ਵਿਚ ਪ੍ਰਵਿਰਤ ਹੋ ਕੇ ਅਸੀਂ ਆਪਣੀ ਅਸਲੀ 'ਆਤਮਿਕ ਜੀਵਨ-ਸੇਧ' ਤੋਂ ਵਾਂਝੇ ਰਹਿੰਦੇ ਹਾਂ।

ਦਿਮਾਗੀ 'ਭਰਮ-ਭੁਲੇਖਿਆਂ' ਨਾਲੋਂ, ਇਹ ਧਾਰਮਿਕ 'ਭਰਮ-ਭੁਲੇਖੇ' ਅਤਿ ਸਬਲ ਅਤੇ ਸੂਖਮ ਹਨ, ਜਿਸ ਕਾਰਣ ਸਾਡੇ ਅੰਦਰ—

ਧਾਰਮਿਕ ਹਉਮੈ
ਧਾਰਮਿਕ ਦਿਖਾਵਾ
ਧਾਰਮਿਕ ਪਖੰਡ
ਧਾਰਮਿਕ ਈਰਖਾ
ਧਾਰਮਿਕ ਨਿੰਦਾ
ਧਾਰਮਿਕ ਅਗਿਆਨਤਾ
ਧਾਰਮਿਕ ਤਅੱਸੁਬ
ਧਾਰਮਿਕ ਘਿਰਣਾ
ਧਾਰਮਿਕ ਝਗੜੇ
ਧਾਰਮਿਕ ਲੜਾਈਆਂ

ਵਧਦੀਆਂ ਜਾਂਦੀਆਂ ਹਨ ਅਤੇ ਅਸੀਂ ਆਪਣੇ ਅਸਲੀ 'ਆਤਮ-ਮਾਰਗ', ਅਥਵਾ 'ਆਤਮ-ਪ੍ਰਕਾਸ਼' ਯਾ 'ਨਾਮ' ਤੋਂ ਦੁਰੇਡੇ ਜਾ ਰਹੇ ਹਾਂ।

ਇਸ ਤਰ੍ਹਾਂ—

'ਧਰਮ' ਨੂੰ ਦਿਮਾਗੀ ਦਾਇਰੇ ਤਕ ਸੀਮਤ ਰਖਣਾ ਭੀ —ਭਰਮ ਹੈ ।
'ਧਰਮ' ਨੂੰ ਮਾਇਕੀ ਗਰਜ਼ਾਂ ਲਈ ਵਰਤਣਾ ਭੀ —ਭਰਮ ਹੈ ।
'ਧਰਮ' ਦੇ ਰਾਹੀਂ ਅਕਾਲ ਪੁਰਖ ਨਾਲ 'ਸੌਦੇਬਾਜ਼ੀ'

ਕਰਨੀ ਭੀ —ਭਰਮ ਹੈ ।

'ਧਰਮ ਪ੍ਰਚਾਰ' ਨੂੰ ਦਿਮਾਗੀ 'ਕਰਤਬ' ਸਮਝਣਾ ਹੀ —ਭਰਮ ਹੈ ।

'ਧਾਰਮਿਕ ਗਿਆਨ' ਨੂੰ ਦਿਮਾਗੀ ਵਾਦ-ਵਿਵਾਦ ਦਾ
ਸ਼ੁਗਲ ਬਨਾਉਣਾ ਭੀ —ਭਰਮ ਹੈ ।

'ਧਾਰਮਿਕ ਸਾਧਨਾਂ' ਨੂੰ ਆਤਮਿਕ 'ਮੰਜ਼ਿਲ'
ਸਮਝਣਾ ਹੀ —ਭਰਮ ਹੈ ।

'ਤਤ-ਬ੍ਰਹਮ ਗਿਆਨ' ਯਾ 'ਨਾਮ-ਪ੍ਰਕਾਸ਼', ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਅਤੇ ਸੇਵਾ ਕਰਦਿਆਂ ਹੋਇਆਂ ਅੰਤਰ ਆਤਮੇ ਅਨੁਭਵ ਦੁਆਰਾ ਹੀ ਹੋ ਸਕਦਾ ਹੈ।

ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ ॥ (ਪੰਨਾ-788)

ਗੁਰਮੁਖਿ ਸੇਵਾ ਮਹਲੀ ਥਾਉ ਪਾਏ ॥
ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ ॥ (ਪੰਨਾ-160)

ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥ (ਪੰਨਾ-135)

ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥
ਦ੍ਰਿਸਟਿ ਆਵੈ ਸਭੁ ਏਕੰਕਾਰੁ ॥ (ਪੰਨਾ-189)

ਦਇਆਲ ਦਮੋਦਰੁ ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ ॥ (ਪੰ.-98)

ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥
ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥ (ਪੰਨਾ-929)

ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥ (ਪੰਨਾ-1421)

ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥
(ਪੰਨਾ-771)

(ਚਲਦਾ......)